International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd. No. PUNPUN 04016 | Year 06 | Edition 01 | Issue Date: 13-April- 2021

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਸਹਿ ਸੰਪਾਦਕ : ਇਕਬਾਲ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ




## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

### ਵਿਸਾਖੀ ਦੇ ਤਿਉਹਾਰ ਦੀ ਧਾਰਮਿਕ, ਇਤਿਹਾਸਕ ਅਤੇ ਆਰਥਿਕ ਮਹੱਤਤਾ

ਤਿਉਹਾਰ ਕਿਸੇ ਕੌਮ ਦੀ ਪਹਿਚਾਣ ਹੁੰਦੇ ਹਨ ਇਨ ਤਿਉਹਾਰਾ ਪਿੱਛੇ ਸਾਡੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹੁੰਦੀਆ ਹਨ ਹਰ ਧਰਮ ਦੇ ਲੋਕ ਆਪਣੇ-ਆਪਣੇ ਪੈਰੋਕਾਰਾਂ ਦੇ ਦੱਸੇ ਅਨੁਸਾਰ ਇਹ ਤਿਉਹਾਰ ਮਨਾਉਂਦੇ ਆ ਰਹੇ ਹਨ। ਪਰ ਤਿਉਹਾਰ ਪਿਛੇ ਕੋਈ ਨਾ ਕੋਈ ਇਤਿਹਾਸ ਹੁੰਦਾ ਹੈ। ਸਮਾਂ ਬੀਤਣ ਦੇ ਨਾਲ ਚਾਹੇ ਉਹ ਮਕਸਦ ਨਹੀਂ ਰਹਿੰਦਾ ਪਰ ਰੀਤੀ ਰਿਵਾਜ਼ ਉਸੇ ਤਰਾਂ ਹੀ ਚਲਦੇ ਰਹਿੰਦੇ ਹਨ। ਜੇਕਰ ਪੰਜਾਬੀ ਵਿਰਸੇ ਦੇ ਤਿਉਹਾਰ ਤੇ ਝਾਤ ਮਾਰੀਏ ਤਾਂ ਪੰਜਾਬੀ ਵਿਰਸੇ ਵਿਚ ਵਿਸਾਖੀ ਦਾ ਤਿਉਹਾਰ ਬਹੁਤ ਵੱਡੀ ਅਹਿਮੀਅਤ ਰੱਖਦਾ ਹੈ।

ਵਿਸਾਖੀ ਦੇਸ਼ਾਂ-ਵਿਦੇਸ਼ਾਂ ਵਿਚ, ਭਾਰਤ ਦੇ ਹੋਰ ਕਈ ਹਿੱਸਿਆਂ ਵਿਚ ਅਤੇ ਸਾਰੇ ਪੰਜਾਬ ਵਿਚ ਬਹੁਤ ਲੋਕਪ੍ਰਿਆ ਹੈ। ਬੇਸ਼ੱਕ ਹੋਰ ਕਈ ਤਿਉਹਾਰ ਹਨ ਪਰ ਵਿਸਾਖੀ ਦੀ ਆਪਣੀ ਵੱਖਰੀ ਹੀ ਪਛਾਣ ਹੈ। ਤਿਉਹਾਰ ਕਿਸੇ ਦੇਸ਼ ਜਾਂ ਕੌਮ ਦਾ ਧਾਰਮਿਕ ਜਾਂ ਇਤਿਹਾਸਕ ਵਿਰਸਾ ਹੁੰਦਾ ਹੈ। ਪਰੰਤੂ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਧਾਰਮਿਕ ਹੈ, ਇਤਿਹਾਸਕ ਵੀ ਹੈ ਅਤੇ ਆਰਥਿਕ ਵੀ ਹੈ।

ਆਰਥਿਕ ਪੱਖ ਵਿਚਾਰਿਏ ਤਾਂ ਸਾਡੇ ਜਿਹਨ ਵਿਚ ਸ਼ਰਬਤੀ ਦਾਨਿਆਂ ਨਾਲ ਲੱਦੀਆਂ ਕਣਕਾਂ ਝੂਮਦੀਆਂ ਦਿਸਦੀਆਂ ਹਨ। ਕਿਸਾਨ ਦੀ ਛੇ ਮਹੀਨਿਆਂ ਦੀ ਮਿਹਨਤ ਨਾਲ ਪੁੱਤਾਂ ਵਾਂਗ ਪਾਲੀਆਂ ਇਹ ਕਣਕਾਂ ਕਟਾਈ ਲਈ ਤਿਆਰ ਹੁੰਦੀਆਂ ਹਨ। ਕਿਸਾਨ ਦੀਆਂ ਅੱਖਾਂ ਵਿਚ ਸਜੋਏ ਉਦਾਸ ਜਿਹੇ ਖੁਸ਼ੀਆਂ ਭਰੇ ਸੁਪਨੇ ਪੂਰੇ ਹੋਣ ਦਾ ਵੇਲਾ ਆ ਗਿਆ ਹੁੰਦਾ ਹੈ। ਮਸ਼ੀਨੀ ਯੁੱਗ ਕਰਕੇ ਕਣਕਾਂ ਦੀ ਕਟਾਈ-ਗਹਾਈ ਸਿਰਫ ਕੁਝ ਦਿਨਾਂ ਵਿਚ ਹੀ ਪੂਰੀ ਹੋ ਜਾਂਦੀ ਹੈ। ਕਈ ਵਾਰ ਕਿਸਾਨ ਆੜਤੀਆਂ ਨਾਲ ਹਿਸਾਬ ਕਰਕੇ ਖਾਲੀ ਪੱਲਾ ਝਾੜਦਾ ਘਰ ਆ ਜਾਂਦਾ ਹੈ। ਸਾਰੇ ਦੇਸ਼ ਦਾ ਢਿੱਡ ਭਰਨ ਵਾਲਾ ਆਪਣੇ ਬੱਚਿਆਂ ਦਾ ਢਿੱਡ ਵੀ ਨਹੀਂ ਭਰ ਸਕਦਾ। ਕਰਜਾਈ ਹੁੰਦੇ ਦੇ ਵੀ ਪੈਰ ਢੋਲ ਦੇ ਡਗੇ ਤੇ ਥਿਰਕਣ ਲੱਗਦੇ ਹਨ ਅਤੇ ਹਾਣੀਆਂ ਨਾਲ ਭੰਗੜੇ ਅਤੇ ਬੋਲੀਆਂ ਪਾ ਕੇ ਗ਼ਮਾਂ ਨੂੰ ਭੁਲਾਕੇ ਖੁਸ਼ੀਆਂ ਮਨਾਉਣ ਦੀ ਕੋਸ਼ਿਸ਼ ਕਰਦਾ ਹੈ।

ਵਿਸਾਖੀ ਦਾ ਦੂਜਾ ਪੱਖ ਧਾਰਮਿਕ ਹੈ। ਇਸੇ ਹੀ ਦਿਨ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਨਿਤਾਣੀ ਤੇ ਲਿਤਾੜੀ ਹੋਈ ਕੌਮ ਨੂੰ ਅੰਮ੍ਰਿਤ ਛਕਾ ਪਾਹੁਲ ਪਿਲਾਕੇ ਗਿਦੜੋਂ ਸ਼ੇਰ ਬਣਾ ਦਿੱਤਾ। ਪੰਜ ਪਿਆਰੇ ਸਾਜਕੇ ਕੌਮ ਨੂੰ ਇਕ ਵਿਲੱਖਣ ਸ਼ਾਨ ਦਿੱਤੀ। ਇਹ ਪੰਜੇ ਸਿੰਘ ਵੱਖ-ਵੱਖ ਜਾਤਾਂ ਵਿਚੋਂ ਅਤੇ ਵੱਖ-ਵੱਖ ਪ੍ਰਾਂਤਾਂ ਵਿਚ ਲੈ ਕੇ ਕੌਮ ਨੂੰ ਨਵੀਂ ਸੇਧ ਦਿੱਤੀ। ਗੁਰੂ ਜੀ ਨੇ ਜਾਤ-ਪਾਤ ਅਤੇ ਪ੍ਰਾਂਤਾਂ ਨੂੰ ਇਕੋ ਰੂਪ ਕਰ ਦਿੱਤਾ। ਸਿੰਘ ਬਣਾ ਦਿੱਤੇ ਇਥੇ ਹੀ ਬਸ ਨਹੀਂ ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਬੇਨਤੀ ਕਰਕੇ ਉਨਾਂ ਤੋਂ ਅੰਮ੍ਰਿਤ ਛਕਿਆ। ਇਸ ਤਰਾਂ ਗੁਰੂ-ਚੇਲੇ ਦੇ ਭੇਦ ਨੂੰ ਵੀ ਖਤਮ ਕਰ ਦਿੱਤਾ। ਇਸ ਤਰਾਂ ਦੀ ਮਿਸਾਲ ਦੁਨੀਆਂ ਵਿਚ ਕਿਧਰੇ ਵੀ ਨਹੀਂ ਮਿਲਦੀ। ਪਰ ਅੱਜ ਅਸੀਂ ਇਨਾਂ ਅਸੂਲਾਂ ਤੋਂ ਮੁਨਕਰ ਹੋ ਕੇ ਫਿਰ ਜਾਤਾਂ ਪਾਤਾਂ ਵਿਚ ਵੰਡੇ ਗਏ ਹਾਂ। ਇਥੋਂ ਤੱਕ ਕਿ ਗੁਰਦੁਆਰਿਆਂ ਮੰਦਰਾਂ ਆਦਿ ਦੇ ਨਾਂ ਵੀ ਧਰਮਾਂ-ਜਾਤਾਂ-ਪਾਤਾਂ ਦੇ ਨਾਂ ਤੇ ਰੱਖ ਲਏ ਹਨ। ਜਿਵੇਂ ਇਹ ਰਾਮਗੜੀਆਂ ਦਾ ਗੁਰਦੁਆਰਾ ਹੈ, ਇਹ ਰਾਮਦਾਸੀਆਂ ਦਾ ਗੁਰਦੁਆਰਾ ਹੈ ਅਤੇ ਇਹ ਟਾਂਕਸ਼ਤਰੀਆਂ ਦਾ ਹੈ। ਅਸੀਂ ਵਿਸਾਖੀ ਦੇ ਮਹੱਤਵ ਨੂੰ ਵੀ ਤਾਂ ਸਮਝ ਸਕਦੇ ਹਾਂ ਜੇਕਰ ਅਸੀਂ ਜਾਤ-ਪਾਤ ਤੋਂ ਉੱਪਰ ਉਠਕੇ ਰਲਕੇ ਦਿਲੋਂ ਇਕ ਹੋ ਕੇ ਇਸ ਤਿਉਹਾਰ ਨੂੰ ਮਨਾਈਏ।

ਇਸ ਦਾ ਇਕ ਮਹੱਤਵ ਇਤਿਹਾਸਕ ਹੈ। ਇਤਫਾਕ ਨਾਲ ਇਸੇ ਹੀ ਦਿਨ ਅੰਮ੍ਰਿਤਸਰ ਵਿਚ ਜਲਿਆਂ ਵਾਲੇ ਬਾਗ ਵਿਚ ਇਕੱਠੇ ਹੋਏ ਮਾਸੂਮ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਸੀ। ਇਸ ਘਟਨਾ ਦੀ ਕਲਪਨਾ ਕਰਕੇ ਇਨਸਾਨੀ ਰੂਹ ਕੰਬ ਉੱਠਦੀ ਹੈ। ਉਹ ਰਾਜ ਕਰਨ ਦੀ ਖਾਤਰ ਲੋਕਾਂ ਤੇ ਅੱਤਿਆਚਾਰ ਕਰਦੇ ਰਹੇ। ਜੇ ਅੱਜ ਅਸੀਂ ਆਪਣੇ ਹੀ ਦੇਸ਼ ਵਿਚ ਝਾਤ ਮਾਰਦੇ ਹਾਂ ਤਾਂ ਉਸ ਤੋਂ ਵੀ ਘਿਨਾਉਣੇ ਕਾਰੇ ਹੋ ਰਹੇ ਹਨ। ਕਿਸੇ ਰੇਲ ਗੱਡੀਆਂ ਨੂੰ ਅੱਗਾਂ ਲਾ ਕੇ ਬੇਮਸੂਮਾਂ ਨੂੰ ਜਲਾਇਆ ਜਾ ਰਿਹਾ ਹੈ ਤੇ ਕਿਸੇ ਬਦਲਾ ਲੈਣ ਲਈ ਛੁਰਿਆਂ-ਹਥਿਆਰਾਂ ਨਾਲ ਇਕੋ ਦਿਨ ਵਿਚ ਸੈਂਕੜੇ ਆਦਮੀ ਕਤਲ ਕੀਤੇ ਜਾ ਰਹੇ ਹਨ। ਜਾਇਦਾਦਾਂ ਫੂਕੀਆਂ ਜਾ ਰਹੀਆਂ। ਅੱਜ ਮਨੁੱਖਤਾ ਬਾਰੇ ਸੋਚਣ ਦੀ ਲੋੜ ਹੈ। ਹੰਕਾਰ ਨੂੰ ਸਾੜਨ ਦੀ ਲੋੜ ਹੈ ਨਫ਼ਰਤ ਨੂੰ ਕਤਲ ਕਰਨ ਦੀ ਲੋੜ ਹੈ। ਆਓ ਅਸੀਂ ਪਰਨ ਕਰੀਏ ਕਿ ਰਲ ਮਿਲਕੇ ਪਿਆਰ ਨਾਲ ਦੁੱਖ-ਸੁੱਖ ਸਾਂਝੇ ਕਰੀਏ ਤਾਂ ਜੋ ਤਿਉਹਾਰ ਦੀ ਖੁਸ਼ੀ ਆਪਣਿਆਂ ਦੇ ਸੰਗ ਦੂਣੀ ਚੌਣੀ ਹੋ ਜਾਵੇ। ਵਿਸਾਖੀ ਦਾ ਤਿਉਹਾਰ ਗਿੱਧੇ ਅਤੇ ਭੰਗੜੇ ਤੋਂ ਬਿਨਾਂ ਅਧੂਰਾ ਮੰਨਿਆਂ ਜਾਂਦਾ ਹੈ। ਇਹ ਤਿਉਹਾਰ ਸਾਨੂੰ ਯਾਦ ਕਰਵਾਈ ਰੱਖਦੇ ਹਨ ਕਿ ਸਾਡਾ ਪੁਰਾਤਣ ਵਿਰਸਾ ਕਿਹੋ ਜਿਹਾ ਸੀ ਅਸੀਂ ਉਨਾਂ ਸਮਿਆਂ ਨੂੰ ਯਾਦ ਰੱਖਿਏ ਕਿਤੇ ਅਸੀਂ ਤੇਜ਼ ਰਫਤਾਰ ਜ਼ਿੰਦਗੀ ਵਿਚ ਆਪਸੀ ਭਾਈਚਾਰਾ, ਮਿਲਵਰਤਨ ਤੇ ਅਪਨਤ ਨੂੰ ਭੁਲਾ ਨਾ ਦੇਈਏ।

ਰੱਬ ਅੱਗੇ ਇਹੋ ਅਰਜੋਈਆਂ ਹਨ ਕਿ ਆਉਣ ਵਾਲੇ ਸਮੇਂ ਵਿਚ ਵੀ ਇਸੇ ਤਰਾਂ ਵਿਸਾਖੀ ਦੇ ਮੇਲੇ ਲੱਗਦੇ ਰਹਿਣ ਤੇ ਗਿੱਧੇ ਤੇ ਭੰਗੜੇ ਪੈਂਦੇ ਰਹਿਣ।

## ਨਜ਼ਰੀਆ ਆਪੋ ਆਪਣਾ ...!



- ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ : ਮੈਗਜ਼ੀਨ 'ਮਹਿਕ ਵਤਨ ਦੀ ਲਾਈਵ')

### ਵਿਛੋੜਾ ਕਈ ਤਰ੍ਹਾ ਦਾ...!

ਵਿਛੋੜੇ ਦਾ ਨਾਮ ਹੀ ਦਰਦ ਦੇਣ ਵਾਲਾ ਹੈ। ਵਿਛੋੜਾ ਕਿਸੇ ਦਾ ਵੀ ਹੋਵੇ ਸੱਜਣਾਂ ਮਿੱਤਰਾਂ ਦਾ, ਸਕੇ-ਸਬੰਧੀਆਂ ਦਾ, ਭੈਣਾ ਭਰਾਵਾਂ ਦਾ, ਹਰੇਕ ਦਾ ਵਿਛੋੜਾ ਝੱਲਣਾ ਔਖਾ ਹੁੰਦਾ ਹੈ। ਵਿਛੋੜਾ ਕਈ ਤਰ੍ਹਾ ਦਾ ਹੁੰਦਾ ਹੈ। ਕੁੱਝ ਵਿਛੋੜਾ ਅਜਿਹੇ ਹੁੰਦੇ ਹਨ ਜਿਹੜੇ ਪੱਕੇ ਤੌਰ ਤੇ ਪੈ ਜਾਦੇ ਹਨ। ਉਨ੍ਹਾ ਨੂੰ ਮਜਬੂਰੀ ਵੱਸ ਸਹਿਣ ਕਰਨਾ ਪੈਦਾ ਹੈ। ਕੁੱਝ ਵਿਛੋੜਾ ਅਜਿਹੇ ਹੁੰਦੇ ਹਨ ਜਿਹੜੇ ਥੌੜੇ ਸਮੇਂ ਲਈ ਹੁੰਦੇ ਹਨ ਅਤੇ ਕੁੱਝ ਵਿਛੋੜਾ ਅਜਿਹੇ ਵੀ ਹੁੰਦੇ ਹਨ ਜਿਨਾ ਬਾਰੇ ਪਤਾ ਨਹੀਂ ਹੁੰਦਾ ਕਿ ਦੁਬਾਰਾ ਕਦੋਂ ਮੇਲ ਹੋਣਾ ਹੈ। ਪਰ ਫਿਰ ਵੀ ਮੁੜ ਮਿਲਣ ਦੀ ਆਸ ਹੁੰਦੀ ਹੈ।

ਆਪਣੇ ਸੱਜਣਾਂ ਨਾਲੋ ਪਿਆ ਵਿਛੋੜਾ, ਜਿਸ ਵਿੱਚ ਦੁਬਾਰਾ ਮਿਲਣ ਦੀ ਆਸ ਹੋਵੇ ਇਹ ਦੁੱਖਦਾਈ ਤਾਂ ਹੁੰਦਾ ਹੈ ਪਰ ਫਿਰ ਸਾਨੂੰ ਇਹ ਅਹਿਸ਼ਾਸ ਕਰਵਾਉਦਾ ਹੈ ਕਿ ਕੋਈ ਸਾਡਾ ਆਪਣਾ ਸਾਨੂੰ ਉਡੀਕ ਰਿਹਾ ਹੈ। ਅਜਿਹਾ ਵਿਛੋੜਾ ਕਾਮਯਾਬੀ ਵੀ ਦਿੰਦਾ ਹੈ। ਅਹਿਸ਼ਾਸ ਕਰਵਾਉਦਾ ਹੈ ਕਿ ਕਿਸੇ ਲਈ ਕੁੱਝ ਬਣਨਾ ਹੈ। ਕਿਸੇ ਤਰੀਕੇ ਆਪਣੇ ਸੱਜਣ ਮਿੱਤਰ ਤੱਕ ਪਹੁੰਚਣਾ ਹੈ। ਕੋਈ ਸਾਡੇ ਤੋਂ ਦੂਰ ਬੈਠਾ ਹੈ ਪਰ ਸਾਡਾ ਆਪਣਾ ਹੈ, ਇਹ ਅਹਿਸ਼ਾਸ ਖੁਸ਼ੀ ਦਿੰਦਾ ਹੈ। ਜੇਕਰ ਤੁਹਾਡੇ ਦਿਲ ਅੰਦਰੋ ਜੁੜੇ ਹੋਏ ਹੋਣ ਤਾਂ ਸੱਤ ਸਮੁੰਦਰੋ ਪਾਰ ਦੀਆਂ ਦੂਰੀਆ ਵੀ ਮਹਿਣੇ ਨਹੀਂ ਰੱਖਦੀਆਂ।

ਜੇਕਰ ਤੁਸੀਂ ਕਿਸੇ ਤੋਂ ਦਿਲੋ ਦੂਰ ਹੋ ਤਾਂ ਚਾਹੇ ਉਸ ਦਾ ਹੱਥ ਫੜ ਕੇ ਤੁਰੇ ਫਿਰੋ, ਤਾਂ ਵੀ ਤੁਹਾਨੂੰ ਉਸ ਦੇ ਨਜਦੀਕ ਹੋਣ ਨਾਲ ਖੁਸ਼ੀ ਨਹੀਂ ਮਿਲੇਗੀ। ਪਰ ਜੇਕਰ ਤੁਸ਼ੀ ਕਿਸੇ ਨਾਲ ਦਿਲੋਂ ਜੁੜੇ ਹੋਏ ਆ ਤਾਂ ਉਸ ਵਿਅਕਤੀ ਦੇ ਦੂਰ-ਦੂਰ ਫਿਰਦੇ ਵੱਲ ਤੱਕ ਕੇ ਖੁਸ਼ੀ ਮਹਿਸ਼ੂਸ ਹੋਵੇਗੀ। ਤੁਹਾਡਾ ਦਿਲ ਕਹੇਗਾ ਕਿ ਉਹ ਦੂਰ ਤੁਰਿਆ ਫਿਰਦਾ ਵਿਅਕਤੀ ਮੇਰਾ ਹੈ। ਇਹ ਗੱਲ ਮਨ ਨੂੰ ਖੁਸ਼ੀ ਤੇ ਸੰਤੁਸ਼ਟੀ ਦੇਵੇਗੀ।

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।